# ਦਫਤਰ ਨਗਰ ਨਿਗਮ ਹੁਸ਼ਿਆਰਪੁਰ।
# ਪ੍ਰੈਸ ਨੋਟ

## ਮੁਹੱਲਾ ਅਸਲਾਮਾਬਾਦ ਵਿਖੇ 10 ਲੱਖ ਰੁਪਏ ਦੀ ਲਾਗਤ ਨਾਲ ਸਮਸ਼ਾਨਘਾਟ ਦੇ ਨਵੀਨੀਕਰਨ ਦੇ ਕੰਮ ਦੀ ਮੇਅਰ ਸ਼ਿਵ ਸੂਦ ਨੇ ਕੀਤੀ ਸ਼ੁਰੂਆਤ

ਹੁਸ਼ਿਆਰਪੁਰ 28 ਦਸੰਬਰ ਵਾਰਡ ਨੰ: 9 ਦੇ ਮੁਹੱਲਾ ਅਸਲਾਮਾਬਾਦ ਦੇ ਸਮਸ਼ਾਨਘਾਟ ਨੂੰ 10 ਲੱਖ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਦੇ ਕੰਮ ਦੀ ਸ਼ੁਰੂਆਤ ਮੇਅਰ ਸ਼ਿਵ ਸੂਦ ਨੇ ਮੁੱਹਲੇ ਦੇ ਬਜੁਰਗ ਸ਼ਿੰਗਾਰਾ ਸਿੰਘ ਤੋਂ ਰੀਬਨ ਕੱਟਵਾ ਕੇ ਕਰਨ ਮੌਕੇ ਦੱਸ਼ਿਆ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ ਸਿੰਘ ਬਾਦਲ ਵੱਲੋਂ ਪਿਛਲੇ ਦਿਨੀ ਕੀਤੇ ਗਏ ਸੰਗਤ ਦੌਰਾਨ ਇਸ ਵਾਰਡ ਦੇ ਭਾਜਪਾ ਆਗੂ ਮੁੱਖੀ ਰਾਮ ਦੀ ਅਗਵਾਈ ਵਿੱਚ ਮੁੱਹਲਾ ਵਾਸੀਆਂ ਵਲੋ ਸਮਸ਼ਾਨਘਾਟ ਦੇ ਨਵੀਨੀਕਰਨ ਦੀ ਮੰਗ ਕੀਤੀ ਗਈ ਸੀ। ਜਿਸ ਲਈ 10 ਲੱਖ ਰੁਪਏ ਮੁੱਖ ਮੰਤਰੀ ਪੰਜਾਬ ਵੱਲੋਂ ਪ੍ਰਾਪਤ ਹੋਏ ਚੁੱਕੇ ਹਨ ਜਿਸ ਨਾਲ ਸਮਸ਼ਾਨ ਘਾਟ ਦੇ ਨਵੀਨੀਕਰਨ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਜਲਦੀ ਹੀ ਮਕੰਮਲ ਕਰ ਲਿਆ ਜਾਵੇਗਾ।

ਨਗਰ ਨਿਗਮ ਦੇ ਐਸ.ਡੀ.ਓ ਹਰਪ੍ਰੀਤ ਸਿੰਘ, ਇੰਸਪੈਕਟਰ ਵਿਜੇ ਕੁਮਾਰ, ਰਾਹੁਲ ਸ਼ਰਮਾ, ਕੌਂਸਲਰ (ਰਿਟਾ.) ਡੀ.ਐਸ.ਪੀ ਮਲਕੀਅਤ ਸਿੰਘ, ਬਲਵਿੰਦਰ ਬਿੰਦੀ, ਅਸ਼ੋਕ ਕੁਮਾਰ ਸ਼ੋਕੀ , ਯਸ਼ਪਾਲ ਸ਼ਰਮਾ, ਹਰਜਿੰਦਰ ਸਿੰਘ ਵਿਰਦੀ, ਸੁਰਜੀਤ ਕੁਮਾਰ, ਜੁਗਿੰਦਰ ਸਿੰਘ, ਰਾਮ ਲੁਭਾਇਆ, ਸੁਧੀਰ ਕੁਮਾਰ, ਰਜਿੰਦਰ ਕੁਮਾਰ, ਰਤਨ ਸਿੰਘ ਅਤੇ ਮੁਹੱਲਾ ਨਿਵਾਸੀ ਇਸ ਮੌਕੇ ਤੇ ਹਾਜਰ ਸਨ।